بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 20.10.2017

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਮੇਰੇ ਲਈ ਇਸ ਨੇਮਤ ਨੂੰ ਪ੍ਰਾਪਤ ਕਰਨਾ ਸੰਭਵ ਨਹੀਂ ਸੀ ਜੇਕਰ ਮੈਂ ਆਪਣੇ ਸਯੱਦੇ ਮੌਲਾ ਫ਼ਖ਼ਰੁਲ ਅੰਬਿਆ ਤੇ ਖ਼ੈਰੁਲਵਰਾ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਮਾਰਗਾਂ ਦੀ ਪੈਰ੍ਹਵੀ ਨ ਕਰਦਾ**

**ਸਾਨੂੰ ਹੋਰਨਾ ਨੂੰ ਆਖਣ ਤੋਂ ਪਹਿਲਾਂ ਆਪਣੇ ਜਾਇਜ਼ੇ ਦੀ ਲੋੜ ਹੈ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਮੰਨਕੇ ਅਸੀਂ ਕਿੰਨ੍ਹੀ ਹੱਦ ਤੱਕ ਕੁਰਆਨ ਕਰੀਮ ਨੂੰ ਆਪਣੇ ਅਮਲ ਦਾ ਸਾਧਨ ਬਣਾਇਆ ਹੈ ਇਹ ਬੈਅਤ ਦਾ ਵੀ ਹਿਸੱਾ ਹੈ, ਸਚੱਾਈ ਨੂੰ ਅਸੀਂ ਕਿੱਥੋਂ ਤੱਕ ਕਾਇਮ ਕੀਤਾ ਹੈ ਨਿਆਏ ਨੂੰ ਅਸੀਂ ਕਿੱਥੋ ਤੱਕ ਕਾਇਮ ਕਰਨ ਵਾਲੇ ਹਾਂ । ਲੋਕਾਂ ਦੇ ਹੱਕ ਅਸੀਂ ਕਿੱਥੋਂ ਤੱਕ ਦੇਣ ਵਾਲੇ ਹਨ ।**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 20 ਅਕਤੂਬਰ 2017 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਮੌਰਡਨ ਲੰਦਨ ਵਿੱਚ ਦਿੱਤਾ ।**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਬੀਤੇ ਜੁਮਏ ਦੇ ਖ਼ੁਤਬੇ ਵਿੱਚ ਮੈਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਇਕ ਹਵਾਲਾ ਪੜ੍ਹਿਆ ਸੀ ਜਿਸ ਵਿੱਚ ਆਪ ਨੇ ਮੁਸਲਮਾਨਾ ਦੀ ਸਾਧਾਰਣ ਅਵਸਥਾ ਬਾਰੇ ਦੱਸਿਆ ਸੀ ਕਿ ਜੇਕਰ ਇਹਨਾ ਦੀ ਇਹ ਅਵਸਥਾ ਨ ਹੋ ਗਈ ਹੁੰਦੀ ਅਤੇ ਉਹ ਹਕੀਕੀ ਇਸਲਾਮ ਤੋਂ ਪੂਰੀ ਤਰ੍ਹਾਂ ਦੂਰ ਨਾ ਜਾ ਪਏ ਹੁੰਦੇ ਤਾਂ ਫਿਰ ਮੇਰੇ ਆਉਣ ਦੀ ਕੀ ਲੋੜ ਸੀ । ਇਹਨਾਂ ਲੋਕਾਂ ਦੀ ਇਮਾਨੀ ਹਾਲਤਾਂ ਬਹੁਤ ਕਮਜ਼ੋਰ ਹੋ ਗਈਆਂ ਹਨ ਅਤੇ ਉਹ ਇਸਲਾਮ ਦਾ ਭਾਵਅਰਥ ਤੇ ਉਦੇਸ਼ ਤੋਂ ਕੇਵਲ ਅਣਜਾਣ ਹਨ । ਇਹ ਲੋਕ ਸਝਦੇ ਹਨ ਕਿ ਸਾਡੇ ਵਿੱਚ ਕਿਹੜੀ ਗੱਲ ਇਸਲਾਮ ਦੇ ਵਿਰੁਧ ਹੈ । ਅਸੀਂ لاالٰہ الا اللہ 'ਲਾ ਇਲਾਹਾ ਇਲਲੱਾਹੁ' ਕਹਿੰਦੇ ਹਾਂ, ਨਮਾਜ਼ਾਂ ਵੀ ਪੜ੍ਹਦੇ ਹਾਂ, ਅਤੇ ਰੋਜ਼ੇ ਵੀ ਰਖੱਦੇ ਹਾਂ, ਜ਼ਕਾਤ ਵੀ ਦਿੰਦੇ ਹਾਂ । ਪਰ ਮੈਂ ਕਹਿੰਦਾ ਹਾਂ ਕਿ ਉਹਨਾਂ ਦੇ ਸਾਰੇ ਕਰਮ ਸ਼ੁਭ ਕਰਮ ਦੇ ਰੂਪ ਵਿੱਚ ਨਹੀਂ ਹਨ ਵਰਨਾ ਜੇਕਰ ਇਹ ਕਰਮ ਸ਼ੁਭ ਕਰਮ ਹਨ ਤਾਂ ਫਿਰ ਇਹਨਾਂ ਦੇ ਪਾਕ ਸਿੱਟੇ ਕਿਉਂ ਨਹੀਂ ਪੈਦਾ ਹੁੰਦੇ । ਸ਼ੁਭ ਕਰਮ ਤਾਂ

ਤੱਦ ਹੋ ਸਕਦੇ ਹਨ ਕਿ ਉਹ ਹਰ ਪ੍ਰਕਾਰ ਦੇ ਫ਼ਸਾਦ ਤੇ ਮਿਲਾਵਟ ਤੋਂ ਪਾਕ ਹੋਵੇ, ਪਰ ਇਹਨਾਂ ਵਿੱਚ ਇਹ ਗੱਲਾਂ ਕਿੱਥੇ ਹਨ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਅੱਜ ਸੱਭ ਤੋਂ ਵੱਧ ਫ਼ਸਾਦ ਦੀ ਅਵਸਥਾ ਮੁਸਲਮਾਨ ਦੇਸ਼ਾਂ ਵਿੱਚ ਹੈ । ਇਕ ਦੂਜੇ ਦੀਆਂ ਗਰਦਨਾ ਕਟੱਣ ਵਿੱਚ ਸਰਗਰਮ ਹਨ । ਹਰ ਇਕ لاالٰہ الااللہ 'ਲਾ ਇਲਾਹਾ ਇਲਲੱਾਹੁ' ਪੜ੍ਹਦਾ ਹੈ ਅਤੇ ਦੂਜੇ لاالٰہ الااللہ ਲਾਇਲਾਹਾ ਇਲਲਾਹੁ ਪੜ੍ਹਨ ਵਾਲੇ ਦਾ ਖ਼ੂਨ ਕਰਦਾ ਹੈ, ਉਸ ਦਾ ਹੱਕ ਮਾਰਦਾ ਹੈ, ਉਸ ਨੂੰ ਹਾਣ ਪਹੁੰਚਾਉਣ ਦਾ ਜਤਨ ਕਰਦਾ ਹੈ । ਕੀ ਇਹੋ ਕੁਰਆਨ ਕਰੀਮ ਦੀ ਸਿੱਖਿਆ ਹੈ ਜਿਸ'ਤੇ ਇਹ ਲੋਕ ਅਮਲ ਕਰ ਰਹੇ ਹਨ, ਕੀ ਇਹੋ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਜੀਵਨ ਸ਼ੈਲੀ ਹੈ ਜਿਸ ਦੀ ਇਹ ਲੋਕ ਪੈਰ੍ਹਵੀ ਕਰ ਰਹੇ ਹਨ ? ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਜੀਵਨ ਸ਼ੈਲੀ ਬਾਰੇ ਤਾਂ ਹਜ਼ਰਤ ਆਇਸ਼ਾ ਰਜ਼ੀ ਅਲੱਹ ਅਨਹੁ ਦਾ ਇਹ ਸੁਨਹਿਰੀ ਅਖੱਰਾਂ ਵਿੱਚ ਲਿੱਖਿਆ ਜਾਣ ਵਾਲਾ ਕਥਨ ਹੈ ਕਿ خُلُقُهُ الْقُرْاٰنُ 'ਕਾਨਾ ਖ਼ੁਲੁਕੁਹੁਲ ਕੁਰਆਨ' ਕਿ ਆਪ ਦੀ ਸੀਰਤ (ਚਰਿਤ੍ਰ) ਅਤੇ ਆਪਦੇ ਦਿਨਚਰਜਾ ਦਾ ਪਤਾ ਕਰਨਾ ਹੈ ਤਾਂ ਕੁਰਆਨ ਕਰੀਮ ਆਪਦੀ ਸੀਰਤ (ਚਰਿਤ੍ਰ) ਦਾ ਵਿਸਥਾਰ ਹੈ ਇਸ ਨੂੰ ਪੜ੍ਹੋ । ਅਤੇ ਇਹ ਨਮੂਨੇ ਆਪ ਨੇ ਇਸ ਲਈ ਕਾਇਮ ਕੀਤੇ ਕਿ ਆਪ ਨੂੰ ਮੰਨ੍ਹਣ ਵਾਲੇ ਅਮਲ ਕਰਨ, ਕੇਵਲ ਨਾਅਰੇ ਲਾਉਣ ਲਈ ਨਹੀਂ । ਰੱਬ ਨੇ ਵੀ ਇਹੋ ਫ਼ਰਮਾਇਆ ਹੈ ਕਿ ਮੇਰੇ ਨਾਲ ਹਕੀਕੀ ਸੰਬੰਧ ਕੇਵਲ لاالٰہ الااللہ 'ਲਾ ਇਲਾਹਾ ਇਲਲੱਲਹੁ' ਕਹਿਣ ਨਾਲ ਨਹੀਂ ਹੋਵੇਗਾ ਸਗੋਂ ਮੇਰਾ ਪ੍ਰੇਮ ਪ੍ਰਾਪਤ ਕਰਨਾ ਹੈ ਤਾਂ ਫਿਰ ਮੇਰੇ ਪਿਆਰੇ ਰਸੂਲ ਦੀ ਪੈਰ੍ਹਵੀ ਕਰੋ । ਉਸ ਦੇ ਜੀਵਨ ਚਰਿਤ੍ਰ ਨੂੰ ਅਪਣਾਓ, ਫਿਰ ਮੇਰੇ ਪਿਆਰੇ ਬਣ ਜਾਓਗੇ । ਤੁਹਾਨੂੰ ਉਹ ਸਥਾਨ ਮਿਲ ਜਾਏਗਾ ਜੋ ਰੱਬ ਦੀ ਨੇੜਤਾ ਦਾ ਸਥਾਨ ਹੈ ਵਰਨਾ ਤੁਹਾਡੇ ਨਆਰੇ ਖੋਖਲੇ ਹਨ । ਇਉਂ ਰੱਬ ਫ਼ਰਮਾਉਂਦਾ ਹੈ ਕਿ قُلْ اِنْ كُنْتُمْ تُحِبُّوْنَ اللّٰهَ فَاتَّبِعُوْنِيْ يُحْبِبْكُمُ اللّٰهُ وَيَغْفِرْ لَكُمْ ذُنُوْبَكُمْ ؕ وَاللّٰهُ غَفُوْرٌ رَّحِيْمٌ 'ਕੁਲ ਇਨਕੁਨਤੁਮ ਤੁਹਿਬੂੱਨਲੱਾਹਾ ਫ਼ਤੱਾਬਿਊਨੀ ਯੁਹਬਿਬਕੁਮੁਲੱਾਹ ਵ ਯਗ਼ਫਿਰਲਾਕੁਮ ਜ਼ੁਨੂਬਾਕੁਮ, ਵਲੱਾਹੁ ਗ਼ਫ਼ੂਰੁੰਰੱਹੀਮ' ਕਿ ਤੂੰ ਕਹਿ ਦੇ ਕਿ ਜੇਕਰ ਤੁਸੀਂ ਰੱਬ ਨਾਲ ਪ੍ਰੇਮ ਕਰਦੇ ਹੋ ਤਾਂ ਮੇਰੀ ਪੈਰ੍ਹਵੀ ਕਰੋ, ਅਲੱਾਹ ਤੁਹਾਡੇ ਨਾਲ ਪ੍ਰੇਮ ਕਰੇਗਾ ਅਤੇ ਤੁਹਾਡੇ ਗੁਨਾਹ ਬਖ਼ਸ਼ ਦੇਵੇਗਾ ਅਤੇ ਅਲੱਾਹ ਬਹੁਤ ਬਖ਼ਸ਼ਣ ਵਾਲਾ ਅਤੇ ਵਾਰ ਵਾਰ ਰਹਿਮ ਕਰਨ ਵਾਲਾ ਹੈ । ਕੀ ਰੱਬ ਜਿਸ ਨਾਲ ਪ੍ਰੇਮ ਕਰੇ ਉਸ ਦਾ ਇਹੋ ਹਾਲ ਹੁੰਦਾ ਹੈ, ਜੋ ਅੱਜ ਕਲ ਮੁਸਲਮਾਨਾ ਦਾ ਹੈ । ਮੌਲਵੀ ਜਿੰਨ੍ਹਾ ਨੂੰ ਸਾਰੇ ਮੁਸਲਮਾਨ ਸਾਧਾਰਣ ਤੌਰ'ਤੇ ਰੱਬ ਦਾ ਪਿਆਰਾ ਸਮਝਦੇ ਹਨ, ਉਸ ਦੇ ਨੇੜੇ ਸਮਝਦੇ ਹਨ, ਉਹ ਸਭ ਤੋਂ ਵੱਧ ਦੁਨੀਆ ਵਿੱਚ ਉਪਦੱਰ ਪੈਦਾ ਕਰ ਰਹੇ ਹਨ । ਸੋ, ਇਸ ਸਮੇਂ ਮੁਸਲਮਾਨ ਮੌਲਵੀਆਂ ਦੀ ਸਾਧਾਰਣ ਅਵਸਥਾ ਇਸ ਗੱਲ ਦਾ ਤਕਾਦਾ ਕਰਦੀ ਹੈ ਕਿ ਕੋਈ ਕੁਰਆਨ ਕਰੀਮ ਅਤੇ ਸੁਨੱਤ ਦੀ ਸਚੱਾਈ ਦਸੱਣ ਵਾਲਾ ਹੋਵੇ ਅਤੇ ਉਹ ਰੱਬ ਨੇ ਆਪਣੇ ਵਾਅਦੇ ਅਨੁਸਾਰ ਭੇਜ ਦਿਤੱਾ ਹੈ । ਪਰ ਮੌਲਵੀ ਨ ਆਪ ਇਸ ਗੱਲ ਨੂੰ ਸੁਣਨਾ ਚਾਹੁੰਦੇ ਹਨ ਨ ਹੀ ਸਾਧਾਰਣ ਲੋਕਾਂ ਨੂੰ ਸੁਣਨ ਦਿੰਦੇ ਹਨ ਸਗੋਂ ਰੱਬ ਵੱਲ ਆਉਣ ਵਾਲੇ ਵਿਰੁਧ ਕੁਫ਼ਰ ਦੇ ਫ਼ਤਵੇ ਦੇ ਕੇ ਇਕ ਸਾਧਾਰਣ ਡਰ ਤੇ ਖ਼ੌਫ਼ ਅਤੇ ਉਪਦੱਰਾਂ ਦੀ ਅਵਸਥਾ ਪੈਦਾ ਕਰ ਦਿੱਤੀ ਹੈ । ਇਹ ਆਰੋਪ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਉਪੱਰ ਪ੍ਰਤੀਦਿਨ ਲਗੱਦਾ ਹੈ ਕਿ ਆਪ ਨੇ ਨਊਜ਼ਬਿਲੱਾਹ ਸੰਸਾਰਕ ਇਛੱਾਵਾਂ ਦੀ ਪੂਰਤੀ ਅਤੇ ਆਪਣੀ ਵੱਡਿਆਈ ਲਈ ਜਮਾਤ ਬਣਾਈ । ਵਾਸਤਵ ਵਿੱਚ ਅਸੀਂ ਜਾਣਦੇ ਹਾਂ ਕਿ ਆਪ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਸੱਚੇ ਆਸ਼ਕ ਤੇ ਪ੍ਰੇਮੀ ਸਨ ਅਤੇ ਆਪ ਸਲਲੱਾਹੁ ਅਲੈਹਿ ਵਸਲਮ ਦੀ

ਸ਼ਰੀਅਤ ਦੀ ਸੰਪੂਰਨਤਾ ਲਈ ਹੀ ਰੱਬ ਨੇ ਆਪ ਨੂੰ ਭੇਜਿਆ ਹੈ । ਕੁਰਆਨ ਕਰੀਮ ਦੇ ਮਆਰਫ਼ਤ ਭਰਪੂਰ ਗਿਆਨ ਦਾ ਬੋਧ ਆਪ ਰਾਹੀਂ ਹੀ ਸਾਨੂੰ ਪ੍ਰਾਪਤ ਹੋਇਆ । ਆਪ ਨੇ ਹਰ ਮੌਕੇ'ਤੇ ਕੁਰਆਨ ਕਰੀਮ ਦੀ ਸਿੱਖਿਆ ਦੇ ਚਾਨ੍ਹਣੇ ਵਿੱਚ ਸਾਡਾ ਮਾਰਗ ਦਰਸ਼ਨ ਕੀਤਾ । ਇਉਂ ਆਪ ਜੀ ਨੇ ਇਸ ਆਇਤ :

( قُلْ إِنْ كُنْتُمْ تُحِبُّوْنَ اللّٰهَ فَاتَّبِعُوْنِيْ يُحْبِبْكُمُ اللّٰهُ ) 'ਕੁਲ ਇਨਕੁਨਤੁਮ ਤੁਹਿਬੁੱਨਲੱਾਹਾ ਫ਼ਤੱਾਬਿਊਨੀ ਯੁਹਬਿਬਕੁਮੁਲੱਾਹ' ਨੂੰ ਵੱਖ ਵੱਖ ਮੌਕਿਆਂ'ਤੇ ਵੱਖ ਵੱਖ ਪੱਖਾਂ ਰਾਹੀਂ ਅਤੇ ਅਰਥਾਂ ਰਾਹੀਂ ਸਾਡਾ ਮਾਰਗ ਦਰਸ਼ਨ ਕੀਤਾ । ਇਹੋ ਉਹ ਗਲੱਾਂ ਹਨ ਜੋ ਰਬ ਦੀ ਨੇੜਤਾ ਦੁਆਕੇ ਉਸ ਦਾ ਪਿਆਰਾ ਬਣਾਕੇ ਉਪਦੱਰਾਂ ਵਿੱਚੋਂ ਕਢੱਣ ਵਾਲੀਆਂ ਬਣ ਸਕਦੀਆਂ ਹਨ । ਮੁਸਲਮਾਨਾ ਲਈ ਇਸ ਤੋਂ ਬਿਨਾਂ ਹੋਰ ਕੋਈ ਮਾਰਗ ਨਹੀਂ ਆਪਣੇ ਜੀਵਨ ਨੂੰ ਸਿਥਿਰ ਰਖੱਣ ਲਈ, ਆਪਣੇ ਦੇਸ਼ਾਂ ਵਿੱਚ ਅਮਨ ਕਾਇਮ ਰਖੱਣ ਲਈ, ਇਸਲਾਮ ਦੀ ਸ਼ਾਨ ਸ਼ੌਕਤ ਨੂੰ ਦੁਨੀਆ ਉਪੱਰ ਪ੍ਰਕਟ ਕਰਨ ਲਈ, ਚੰਗੇ ਤੇ ਨੇਕ ਸਿੱਟੇ ਉਸੇ ਸਮੇਂ ਕਾਇਮ ਹੋਣਗੇ ਜੱਦ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਹਕੀਕੀ ਪਅਰ੍ਹਵੀ ਹੋਵੇਗੀ ਵਰਨਾ لا الٰہ الا اللہ ਲਾ ਇਲਾਹਾ ਇਲੱਲੱਾਹੁ ਦਾ ਨਆਰਾ ਵੀ ਖੋਖਲਾ ਹੈ ਅਤੇ ਮੁਹਮੱਦ ਰਸੂਲੁਲੱਲਾਹ ਦਾ ਨਆਰਾ ਵੀ ਖੋਖਲਾ ਹੈ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਮੁਸਲਮਾਨਾ ਵਿੱਚ ਅੰਦਰੂਨੀ ਮਤਿਭੇਦ ਦਾ ਸਬਬ ਵੀ ਇਹੋ ਸੰਸਾਰਕ ਮੋਹ ਹੀ ਬਣਿਆ ਹੋਇਆ ਹੈ ਕਿਉਂਕਿ ਜੇਕਰ ਕੇਵਲ ਰਬ ਦੀ ਰਜ਼ਾ ਸੰਮੁੱਖ ਹੁੰਦੀ ਤਾਂ ਆਸਾਨੀ ਨਾਲ ਸਮਝ ਆ ਸਕਦਾ ਸੀ ਕਿ ਫਲਾਣੇ ਫਿਰਕੇ ਦੇ ਉਸੂਲ ਬਹੁਤੇ ਸਾਫ਼ ਹਨ ਅਤੇ ਉਹ ਉਹਨਾਂ ਨੂੰ ਕੁਬੂਲ ਕਰਕੇ ਇਕ ਹੋ ਜਾਂਦੇ । ਹੁਣ ਜੱਦ ਕਿ ਸੰਸਾਰਕ ਮੋਹ ਕਰਕੇ ਇਹ ਖ਼ਰਾਬੀ ਪੈਦਾ ਹੋ ਰਹੀ ਹੈ ਤਾਂ ਅਜਿਹੇ ਲੋਕਾਂ ਨੂੰ ਕਿਹੋ ਜਿਹੇ ਮੁਸਲਮਾਨ ਕਿਹਾ ਜਾ ਸਕਦਾ ਹੈ ਜੱਦ ਕਿ ਉਹਨਾਂ ਦਾ ਕਦਮ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਕਦਮਾ ਉਪੱਰ ਨਹੀਂ । ਰੱਬ ਨੇ ਤਾਂ ਫ਼ਰਮਾਇਆ ਸੀ ਕਿ ( قُلْ إِنْ كُنْتُمْ تُحِبُّوْنَ اللّٰهَ فَاتَّبِعُوْنِيْ يُحْبِبْكُمُ اللّٰهُ ) 'ਕੁਲ ਇਨਕੁਨਤੁਮ ਤੁਹਿਬੁੱਨਲੱਾਹਾ ਫ਼ਤੱਾਬਿਊਨੀ ਯੁਹਬਿਬਕੁਮੁਲੱਾਹ' ਅਰਥਾਤ ਕਹੋ ਕਿ ਜੇਕਰ ਤੁਸੀਂ ਰੱਬ ਨਾਲ ਪ੍ਰੇਮ ਕਰਦੇ ਹੋ ਤਾਂ ਮੇਰੀ ਪੈਰ੍ਹਵੀ ਕਰੋ ਰੱਬ ਤੁਹਾਨੂੰ ਮਿਤੱਰ ਰੱਖੇਗਾ । ਆਪ ਫ਼ਰਮਾਉਂਦੇ ਹਨ ਕਿ ਇਸ ਇਲਾਹੀ ਪ੍ਰੇਮ ਦੀ ਥਾਂ ਅਤੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੀ ਪੈਰ੍ਹਵੀ ਦੀ ਥਾਂ ਸੰਸਾਰਕ ਮੋਹ ਨੂੰ ਪਹਿਲ ਦਿੱਤੀ ਹੋਈ ਹੈ । ਕੀ ਇਹੋ ਹਜ਼ਰਤ ਮੁਹਮੱਦ ਸਲੱਾਹੁ ਅਲੈਹਿ ਵਸਲਮ ਦੀ ਪੈਰ੍ਹਵੀ ਹੈ, ਕੀ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੁਨੀਆਦਾਰ ਸਨ, ਕੀ ਨਊਜ਼ਬਿਲੱਾਹ ਵਿਆਜ ਲਿਆ ਕਰਦੇ ਸਨ ਜਾਂ ਇਲਾਹੀ ਕਰਤਵਾਂ ਤੇ ਆਦੇਸ਼ਾਂ ਦੀ ਬਜਾਆਵਰੀ ਵਿੱਚ ਗ਼ਫ਼ਲਤ ਕਰਿਆ ਕਰਦੇ ਸਨ, ਕੀ ਆਪ ਵਿੱਚ ਨਊਜ਼ਬਿਲੱਾਹ ਕਪਟ ਸੀ, ਪਖੰਡੀ ਸਨ, ਦੁਨੀਆ ਨੂੰ ਧਰਮ'ਤੇ ਪਹਿਲ ਦਿੰਦੇ ਸਨ ? ਗ਼ੌਰ ਕਰੋ ! ਪੈਰ੍ਹਵੀ ਤਾਂ ਇਹ ਹੈ ਕਿ ਆਪ ਸਲਲੱਾਹੁ ਅਲੈਹਿ ਵਸਲੱਮ ਦੀ ਪੈੜ੍ਹਾਂ'ਤੇ ਚੱਲੋ ਫਿਰ ਦੇਖੋ ਰੱਬ ਕਿਵੇਂ ਮਿਹਰ ਕਰਦਾ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਪਰ ਅੱਜ ਕੱਲ ਅਮਲੀ ਤੌਰ'ਤੇ ਮੁਸਲਮਾਨਾ ਦੀ ਜੋ ਅਵਸਥਾ ਹੈ, ਅਤੇ ਫਿਰ ਰੱਬ ਦੀ ਜੋ ਕਰਮ ਰੂਪੀ ਗਵਾਹੀ ਹੈ ਉਹ ਉਸ ਦੇ ਵਿਰੁਧ ਹੈ, ਉਹ ਇਸ ਗੱਲ ਦੀ ਗਵਾਹ ਹੈ ਕਿ ਉਹਨਾ ਦਾ ਭੈੜਾ ਹਾਲ ਹੋ ਰਿਹਾ ਹੈ । ਦੇਸ਼ ਦੇਸ਼ ਲੜ ਰਹੇ ਹਨ । ਬਿਗਾਨਿਆਂ ਕੋਲ ਜਾਕੇ ਮੁਸਲਮਾਨ ਦੇਸ਼ ਦੂਜੇ ਮੁਸਲਮਾਨ ਦੇਸ਼ ਦੇ ਵਿਰੁਧ ਲੜਨ ਲਈ ਭਿੱਖਿਆ ਮੰਗਦੇ ਹਨ । ਇਸ ਦਾ ਚਿਤੱਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਖਿੱਚਿਆ ਹੈ ਕਿ ਤੁਸੀਂ ਲੋਕ ਤਾਂ ਪਾਟੇ ਹੋਏ ਹੋ ਤੁਸੀਂ ਰੱਬ ਦੀਆਂ ਮਿਹਰਾਂ ਕਿਵੇਂ ਹਾਸਲ ਕਰ ਸਕਦੇ ਹੋ ।

ਇਸ ਗੱਲ ਨੂੰ ਵਰਨਣ ਕਰਦਿਆਂ ਹੋਇਆ ਕਿ ਹਕੀਕੀ ਨੇਕੀ ਮਨੁੱਖ ਕਿਵੇਂ ਹਾਸਲ ਕਰ ਸਕਦਾ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ : ਮੈਂ ਸੱਚ ਸੱਚ ਕਹਿੰਦਾ ਹਾਂ ਅਤੇ ਆਪਣੇ ਤਜਰਬੇ ਨਾਲ ਕਹਿੰਦਾ ਹਾਂ ਕਿ ਕੋਈ ਮਨੁੱਖ ਹਕੀਕੀ ਨੇਕੀ ਹਾਸਲ ਕਰਨ ਵਾਲਾ ਅਤੇ ਰੱਬ ਦੀ ਰਜ਼ਾ ਨੂੰ ਪਾਉਣ ਵਾਲਾ ਨਹੀਂ ਬਣ ਸਕਦਾ ਅਤੇ ਉਹਨਾਂ ਪੁਰਸਕਾਰਾਂ, ਬਰਕਤਾਂ, ਮਆਰਫ਼ਤ, ਸਚੱਾਈ ਤੇ ਇਲਾਹੀ ਦਿਵ ਦ੍ਰਿਸ਼ਿਆਂ ਤੋਂ ਲਾਭਵੰਤ ਨਹੀਂ ਹੋ ਸਕਦਾ ਜੋ ਉੱਤਮ ਦਰਜੇ ਦੀ ਤਜ਼ਕੀਯਹ ਨਫ਼ਸ (ਮਾਨਸਕ ਸ਼ੁਧੱਤਾ) ਉਪੱਰ ਮਿਲਦੇ ਹਨ । ਜਦੱ ਤੱਕ ਉਹ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੀ ਪੈਰ੍ਹਵੀ ਵਿਚ ਵਿਲੀਨ ਨ ਹੋ ਜਾਏ । ਇਸ ਦਾ ਪ੍ਰਮਾਣ ਆਪ ਰੱਬ ਦੇ ਕਲਾਮ ਵਿੱਚ ਮਿਲਦਾ ਹੈ ਕਿ :

( قُلْ اِنْ كُنْتُمْ تُحِبُّوْنَ اللّٰهَ فَاتَّبِعُوْنِيْ يُحْبِبْكُمُ اللّٰهُ ) 'ਕੁਲ ਇਨਕੁਨਤੁਮ ਤੁਹਿਬੂੱਨਲੱਾਹਾ ਫ਼ਤੱਾਬਿਊਨੀ ਯੁਹਬਿਬਕੁਮੁਲੱਾਹ' ਅਤੇ ਰੱਬ ਦੇ ਇਸ ਦਾਵੇ ਦੀ ਕਰਮ ਰੂਪੀ ਤੇ ਜੀਉਂਦੀ ਜਾਗਦੀ ਦਲੀਲ ਆਪ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਮੈਂ ਹਾਂ, ਇਸ ਯੁੱਗ ਵਿੱਚ ਮੇਰੇ ਨਾਲ ਰੱਬ ਕਲਾਮ ਕਰਦਾ ਹੈ ਇਸ ਲਈ ਕਿ ਮੈਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਵੁਜੂਦ ਵਿੱਚ ਵਿਲੀਨ ਹੋ ਗਿਆ, ਆਪ ਦੀ ਪੈਰ੍ਹਵੀ ਕੀਤੀ ਅਤੇ ਫਿਰ ਰੱਬ ਨੇ ਮੇਰੇ ਨਾਲ ਪ੍ਰੇਮ ਦਾ ਸੁਲੂਕ ਕੀਤਾ । ਸੋ, ਆਪ ਉਪੱਰ ਆਰੋਪ ਲਾਉਣ ਵਾਲਿਆਂ ਦੇ ਆਰੋਪ ਕਿ ਆਪ ਨੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਅਸਥਾਨ ਨੂੰ ਢਾਹ ਲਾਇਆ ਹੈ, ਫ਼ਰਮਾ ਰਹੇ ਹਨ ਕਿ ਜੋ ਅਸਥਾਨ ਮੈਨੂੰ ਮਿਲਿਆ ਹੈ ਉਹ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨਾਲ ਇਸ਼ਕ ਤੇ ਪ੍ਰੇਮ ਅਤੇ ਆਪ ਦੀ ਕਾਮਲ ਪੈਰ੍ਹਵੀ ਰਾਹੀਂ ਮਿਲਿਆ ਹੈ ਅਤੇ ਫਿਰ ਰੱਬ ਨੇ ਵੀ ਅਜਿਹਾ ਨਿਵਾਜਿਆ ਕਿ ਆਪਣੇ ਪਿਆਰੇ ਨਾਲ ਪ੍ਰੇਮ ਕਰਨ ਦੇ ਸਬਬ ਆਪਣਾ ਵੀ ਪ੍ਰੇਮੀ ਬਣਾ ਲਿਆ । ਉਸ ਦੀ ਕਾਮਲ ਪੈਰ੍ਹਵੀ ਦੇ ਸਿੱਟੇ ਵਿੱਚ ਰੱਬ ਨੇ ਆਪ ਨੂੰ ਜੋ ਆਪ ਦੇ ਸੁਪੁਰਦ ਕੰਮ ਕੀਤੇ ਉਸ ਬਾਰੇ ਆਪ ਫ਼ਰਮਾਉਂਦੇ ਹਨ ਕਿ ਮੈਨੂੰ ਭੇਜਿਆ ਗਿਆ ਹੈ ਕਿ ਮੈਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੀ ਅਲੋਪ ਹੋਈ ਵੱਡਿਆਈ ਨੂੰ ਫਿਰ ਸੁਰਜੀਤ ਕਰਾਂ ਅਤੇ ਕੁਰਆਨ ਕਰੀਮ ਦੀਆਂ ਸਚੱਾਈਆਂ ਨੂੰ ਦੁਨੀਆ ਨੂੰ ਦਿਖਾਵਾਂ ਅਤੇ ਇਹ ਸਾਰਾ ਕੰਮ ਹੋ ਰਿਹਾ ਹੈ ਪਰ ਜਿੰਨ੍ਹਾ ਦੀ ਅਖੱਾਂ'ਤੇ ਪੱਟੀ ਬੰਨ੍ਹੀ ਹੋਈ ਹੈ, ਉਹ ਉਸ ਨੂੰ ਨਹੀਂ ਦੇਖ ਸਕਦੇ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਸੁਪਰੀਮ ਦੀ ਖ਼ੁਸ਼ੀ ਪਾਉਣ ਲਈ ਰੱਬ ਨੇ ਇਕ ਹੀ ਮਾਰਗ ਖੁਲੱਾ ਰੱਖਿਆ ਹੈ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੀ ਆਗਿਅਕਾਰੀ ਕੀਤੀ ਜਾਵੇ । ਜਿਵੇਂ ਕਿ ਇਸ ਆਇਤ ਵਿੱਚ ਸਾਫ਼ ਫਰਮਾ ਦਿਤੱਾ ਹੈ ( قُلْ اِنْ كُنْتُمْ تُحِبُّوْنَ اللّٰهَ فَاتَّبِعُوْنِيْ يُحْبِبْكُمُ اللّٰهُ ) 'ਕੁਲ ਇਨਕੁਨਤੁਮ ਤੁਹਿਬੂੱਨਲੱਾਹਾ ਫ਼ਤੱਾਬਿਊਨੀ ਯੁਹਬਿਬਕੁਮੁਲੱਾਹ' ਅਰਥਾਤ ਆਓ ਮੇਰੀ ਪੈਰ੍ਹਵੀ ਕਰੋ ਤਾਂ ਜੋ ਰੱਬ ਵੀ ਤੁਹਾਨੂੰ ਮਿਤੱਰ ਰੱਖੇ । ਇਸ ਦੇ ਇਹ ਅਰਥ ਨਹੀਂ ਹਨ ਕਿ ਰਸਮੀ ਤੌਰ'ਤੇ ਇਬਾਦਤ ਕਰੋ । ਜੇਕਰ ਧਰਮ ਦੀ ਇਹੋ ਸਚੱਾਈ ਹੈ ਤਾਂ ਫਿਰ ਨਮਾਜ਼ ਕੀ ਚੀਜ਼ ਹੈ ਅਤੇ ਰੋਜ਼ਾ ਕੀ ਚੀਜ਼ ਹੈ ਆਪ ਹੀ ਇਕ ਗੱਲ ਤੋਂ ਰੁਕੇ ਅਤੇ ਆਪ ਹੀ ਕਰ ਲਈ । ਰਸਮੀ ਨਮਾਜ਼ਾਂ ਨਹੀਂ ਹਨ, ਨਮਾਜ਼ਾਂ ਇਸ ਪ੍ਰਕਾਰ ਪੂਰੀਆਂ ਕਰੋ ਜੋ ਉਹਨਾਂ ਦਾ ਹੱਕ ਹੈ, ਜੋ ਉਹਨਾਂ ਦੇ ਸਮੇਂ ਹਨ ਉਸ ਦੀ ਪਾਬੰਦੀ ਕਰਨੀ ਜ਼ਰੂਰੀ ਹੈ ਅਤੇ ਫਿਰ ਇਸ ਪ੍ਰਕਾਰ ਇਬਾਦਤ ਕਰੋ ਕਿ ਰੱਬ ਦੇ ਸਾਹਮਣੇ ਖੜੇ ਹੋਏ ਹੋ, ਵਰਨਾ ਤਾਂ ਇਹ ਰਸਮੀ ਇਬਾਦਤਾਂ ਹਨ ਸਾਰੀਆਂ। ਫ਼ਰਮਾਇਆ ਕਿ ਇਹ ਕੇਵਲ ਇਸ ਦਾ ਨਾਂ ਨਹੀਂ ਹੈ ਇਸਲਾਮ ਤਾਂ ਇਹ ਹੈ ਕਿ ਬਕਰੇ ਵਾਂਗ ਸਿਰ ਰੱਖ ਦੇਵੇ ਜਿਵੇਂ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਮੇਰਾ

ਮਰਨਾ, ਮੇਰਾ ਜੀਣਾ, ਮੇਰੀ ਨਮਾਜ਼, ਮੇਰੀਆਂ ਕੁਰਬਾਨੀਆਂ ਰੱਬ ਲਈ ਹੀ ਹਨ ਅਤੇ ਸਾਰਿਆਂ ਤੋਂ ਪਹਿਲਾਂ ਮੈਂ ਆਪਣੀ ਗਰਦਨ ਰਖੱਦਾ ਹਾਂ । ਸੋ, ਹਕੀਕੀ ਪੈਰ੍ਹਵੀ ਕਰਨ ਵਾਲੇ ਆਪਣੀਆਂ ਇਬਾਦਤਾਂ ਦੇ ਮਿਆਰ ਬੁਲੰਦ ਕਰਦੇ ਹਨ ਸੋ, ਸਾਡੇ ਵਿੱਚੋਂ ਹਰ ਇਕ ਨੂੰ ਆਪਣਾ ਜਾਇਜ਼ਾ ਲੈਂਣਾ ਚਾਹੀਦਾ ਹੈ ਕਿ ਇਸ ਪੱਖੋਂ ਵੀ ਸਾਨੂੰ ਲੋੜ ਹੈ ਵਰਨਾ ਸਾਡਾ ਵੀ ਪੈਰ੍ਹਵੀ ਦਾਵਾ ਖੋਖਲਾ ਦਾਵਾ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇਕ ਤਾਂ ਇਬਾਦਤ ਦੇ ਰੰਗ ਹਨ ਇਕ ਦੂਜੇ ਉਚੱ ਆਚਰਣ ਦੇ ਰੰਗ ਹਨ । ਅਤੇ ਸੱਚੀ ਪੈਰ੍ਹਵੀ ਦਾ ਅਰਥ ਇਹੋ ਹੈ ਕਿ ਜੋ ਚੰਗੇ ਆਚਰਣ ਹਨ ਜਿੰਨ੍ਹਾ ਦਾ ਕੁਰਆਨ ਕਰੀਮ ਵਿੱਚ ਵਰਨਣ ਹੈ ਉਹ ਪੈਦਾ ਕੀਤੇ ਜਾਣ । ਹਜ਼ਰਤ ਆਇਸ਼ਾ ਰਜ਼ੀ ਅਲੱਾਹ ਅਨਹਾ ਨੇ ਫ਼ਰਮਾਇਆ ਕਿ (كَانَ خُلُقُهُ الْقُرْآن) ਕਿ ਆਪ ਦੇ ਚੰਗੇ ਆਚਰਣ ਜੇਕਰ ਦੇਖਣੇ ਹਨ ਤਾਂ ਕੁਰਆਨ ਕਰੀਮ ਪੜ੍ਹ ਲਓ ਉਹੋ ਇਸ ਦੀ ਵਿਆਖਿਆ ਹੈ । ਸੋ, ਇਸ ਪੱਖੋਂ ਵੀ ਸਾਨੂੰ ਕੁਰਆਨ ਕਰੀਮ ਪੜ੍ਹਨ ਦੀ ਲੋੜ ਹੈ । ਸਾਨੂੰ ਹੋਰਨਾ ਨੂੰ ਆਖਣ ਤੋਂ ਪਹਿਲਾਂ ਆਪਣੇ ਜਾਇਜ਼ੇ ਲੈਂਣ ਦੀ ਲੋੜ ਹੈ ਕਿ ਹਜ਼ਰਤ ਮਸੀਹ ਮੌਊਦ ਅਲੈਹਹਿ ਸਲਾਮ ਨੂੰ ਮੰਨ ਕੇ ਅਸੀਂ ਕਿੱਥੋਂ ਤੱਕ ਕੁਰਆਨ ਕਰੀਮ ਨੂੰ ਆਪਣਾ ਅਮਲ ਕਰਨ ਦਾ ਦਸਤੂਰ ਬਣਇਆ ਹੈ । ਇਹ ਬੈਅਤ ਦਾ ਹਿਸੱਾ ਵੀ ਹੈ । ਸਚੱਾਈ ਨੂੰ ਕਿਸ ਹੱਦ ਤੱਕ ਕਾਇਮ ਕੀਤਾ ਹੈ । ਇੰਸਾਫ਼ ਨੂੰ ਕਿਸ ਹੱਦ ਤੱਕ ਕਾਇਮ ਕਰਨ ਵਾਲੇ ਹਨ । ਲੋਕਾਂ ਦੇ ਹੱਕ ਦੇਣ ਵਿੱਚ ਅਸੀਂ ਕਿੱਥੋਂ ਤੱਕ ਜਤਨ ਕਰਨ ਵਾਲੇ ਹਨ ।

ਹਰ ਵਿਅਕਤੀ ਨੂੰ ਆਪਣੇ ਆਪ ਰੱਬ ਨਾਲ ਮੁਲਾਕਾਤ ਕਰਨ ਦੀ ਤਾਕਤ ਨਹੀਂ ਹੈ ਇਸ ਲਈ ਵਾਸਤਾ ਜ਼ਰੂਰੀ ਹੈ ਅਤੇ ਉਹ ਵਾਸਤਾ ਕੁਰਆਨ ਕਰੀਮ ਅਤੇ ਮੁਹਮੱਦ ਸਲਲੱਾਹੁ ਅਲੈਹਿ ਵਸਲਮੱ ਹਨ, ਜੋ ਇਸ ਵਾਸਤੇ ਨੂੰ ਛਡੱਦਾ ਹੈ ਉਹ ਕਦੇ ਵੀ ਮੁਰਾਦ ਨੂੰ ਨਹੀਂ ਪਹੁੰਚ ਸਕਦਾ । ਮਨੁੱਖ ਤਾਂ ਵਾਸਤਵ ਵਿੱਚ ਬੰਦਾ ਅਰਥਾਤ ਗ਼ੁਲਾਮ ਹੈ ਅਤੇ ਗ਼ੁਲਾਮ ਦਾ ਕੰਮ ਇਹ ਹੁੰਦਾ ਹੈ ਕਿ ਮਾਲਕ ਜੋ ਹੁਕਮ ਕਰੇ ਉਸ ਨੂੰ ਕੁਬੂਲ ਕਰੇ, ਇਸੇ ਪ੍ਰਕਾਰ ਜੇਕਰ ਤੁਸੀਂ ਚਾਹੁੰਦੇ ਹੋ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਫ਼ੈਜ਼ ਹਾਸਲ ਕਰੋ ਤਾਂ ਜ਼ਰੂਰ ਹੈ ਕਿ ਉਸ ਦੇ ਗ਼ੁਲਾਮ ਹੋ ਜਾਓ । ਕੁਰਆਨ ਕਰੀਮ ਵਿੱਚ ਰੱਬ ਫ਼ਰਮਾਉਦਾ ਹੈ (قل یٰعبادی الذین اسرفوا علی انفسھم) ਕਾਲਾ ਯਾ ਇਬਾਦਿਲੱਾਜ਼ੀ ਅਸਰਾਫ਼ੂ ਅਲਾ ਅਨਫ਼ੁਸਿ ਹਿਮ' ਅਰਥਾਤ ਤੂੰ ਕਹਿ ਦੇ ਕਿ ਹੇ ਮੇਰੇ ਬੰਦਿਓ ਜਿੰਨ੍ਹਾ ਨੇ ਆਪਣੀ ਜਾਨ ਉਪੱਰ ਜ਼ੁਲਮ ਕੀਤਾ । ਫਰਮਾਇਆ ਕਿ ਇਸ ਥਾਂ ਬੰਦਿਆਂ ਤੋਂ ਭਾਵ ਗ਼ੁਲਾਮ ਹਨ ਨ ਕਿ ਮਖ਼ਲੂਕ । ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲ ਦਾ ਬੰਦਾ ਹੋਣ ਵਾਸਤੇ ਜ਼ਰੂਰੀ ਹੈ ਕਿ ਆਪ ਉਪੱਰ ਦੁਰੂਦ ਪੜ੍ਹੋ ਅਤੇ ਆਪ ਦੇ ਕਿਸੇ ਹੁਕੁਮ ਦੀ ਅਵਗਿਆ ਨ ਕਰੋ ਅਤੇ ਸਾਰਿਆਂ ਹੁਕਮਾਂ ਉਪੱਰ ਕਾਰਬੰਦ ਹੋਵੋ ਜਿਵੇਂ ਕਿ ਹੁਕੁਮ ਹੈ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਦੇ ਹਨ ਕਿ ਰੱਬ ਨੂੰ ਖ਼ੁਸ਼ ਕਰਨ ਦਾ ਇਹੋ ਇਕ ਤਰੀਕਾ ਹੈ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਸੱਚੀ ਅਗਿਆਕਾਰੀ ਕੀਤੀ ਜਾਵੇ । ਦੇਖਿਆ ਜਾਂਦਾ ਹੈ ਕਿ ਲੋਕ ਵੱਖ ਵੱਖ ਪ੍ਰਕਾਰ ਦੀਆਂ ਰਸਮਾਂ ਵਿੱਚ ਗ੍ਰਿੱਸੇ ਹੋਏ ਹਨ । ਕੋਈ ਮਰ ਜਾਂਦਾ ਹੈ ਤਾਂ ਵੱਖ ਵੱਖ ਪ੍ਰਾਕਾਰ ਦੀਆਂ ਬਿਦੱਤਾਂ ਅਤੇ ਰਸਮਾਂ ਕੀਤੀਆਂ ਜਾਂਦੀਆਂ ਹਨ । ਜੱਦ ਕਿ ਚਾਹੀਦਾ ਹੈ ਕਿ ਮ੍ਰਿਤਕ ਦੇ ਹੱਕ ਵਿੱਚ ਦੁਆਵਾਂ ਕਰਨ । ਰਸਮਾਂ ਦੀ ਬਜਾਆਵਰੀ ਵਿੱਚ ਹਜ਼ਰਤ ਮੁਹਮੱਦ ਸਲਲਾਹੁ ਅਲੈਹਿ ਵਸਲਮ ਦੀ ਕੇਵਲ ਵਿਰੋਧਤਾ ਹੀ ਨਹੀਂ ਹੈ ਸਗੋਂ ਉਹਨਾਂ ਦੀ ਹਤਕ ਵੀ ਕੀਤੀ ਜਾਂਦੀ ਹੈ । ਸੰਭਵਤਾ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੂੰ ਬਹੁਤ ਨਹੀਂ ਸਮਝਿਆ ਜਾਂਦਾ ਅਤੇ ਜੇਕਰ ਬਹੁਤ ਵਿਚਾਰ ਕਰਦੇ ਹਨ ਤਾਂ ਆਪਣੇ ਵੱਲੋਂ ਰਸਮਾਂ ਘੜਨ ਦੀ ਕੀ ਲੋੜ ਪੈਂਦੀ ।

ਫਿਰ ਇਕ ਥਾਂ ਆਪ ਫ਼ਰਮਾਉਂਦੇ ਹਨ ਕਿ ਜੋ ਵਿਅਕਤੀ ਇਹ ਕਹਿੰਦਾ ਹੈ ਕਿ ਹਜ਼ਰਤ ਮੁਹਮੱਦ ਸਲਲੱਾਹ ਅਲੈਹਿ ਵਸਲਮ ਦੀ ਪੈਰ੍ਹਵੀ ਤੋਂ ਬਿਨਾ ਨਿਜਾਤ (ਮੁਕਤੀ) ਹੋ ਸਕਦੀ ਹੈ ਉਹ ਝੂਠ ਹੈ । ਰੱਬ ਨੇ ਜੋ ਗੱਲ ਸਾਨੂੰ ਸਮਝਾਈ ਹੈ ਉਹ ਬਿਲਕੁਲ ਉਸ ਦੇ ਵਿਰੁਧ ਹੈ । ਰੱਬ ਫ਼ਰਮਾਉਂਦਾ ਹੈ ਕਿ ( قُلْ اِنْ كُنْتُمْ تُحِبُّوْنَ اللّٰهَ فَاتَّبِعُوْنِيْ يُحْبِبْكُمُ اللّٰهُ ) 'ਕੁਲ ਇਨਕੁਨਤੁਮ ਤੁਹਿਬੁੱਨਲੱਾਹਾ ਫ਼ਤੱਾਬਿਊਨੀ ਯੁਹਬਿਬਕੁਮੁਲੱਾਹ' ਹੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਉਹਨਾਂ ਲੋਕਾਂ ਨੂੰ ਕਹਿ ਦੇ ਕਿ ਜੇਕਰ ਤੁਸੀਂ ਰੱਬ ਨਾਲ ਪ੍ਰੇਮ ਕਰਦੇ ਹੋ ਤਾਂ ਆਓ ਮੇਰੀ ਪੈਰ੍ਹਵੀ ਕਰੋ, ਤੁਸੀਂ ਰੱਬ ਦੇ ਪ੍ਰਮੀ ਬਣ ਜਾਓਗੇ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਪੈਰ੍ਹਵੀ ਤੋਂ ਬਿਨਾ ਕੋਈ ਵਿਅਕਤੀ ਮੁਕਤੀ ਪ੍ਰਾਪਤ ਨਹੀਂ ਕਰ ਸਕਦਾ । ਜੋ ਲੋਕ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨਾਲ ਸਾੜ੍ਹਾ ਰਖੱਦੇ ਹਨ ਉਹਨਾ ਦੀ ਕਦੇ ਖ਼ੈਰ ਨਹੀਂ ।

ਹਜ਼ੂਰ ਅਨਵਰ ਨੇ ਫ਼ਰਮਾਇਆ : 'ਕੁਲ ਇਨਕੁਨਤੁਮ' ਤੋਂ ਹਜ਼ਰਤ ਈਸਾ ਅਲੈਹਿ ਸਲਾਮ ਦੀ ਮੌਤ ਦਾ ਵੀ ਪ੍ਰਤੱਖ ਪ੍ਰਮਾਣ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਪੇਸ਼ ਕੀਤਾ ਹੈ । ਅਰਬ ਵਾਸੀਆਂ ਵਿੱਚ ਵਿਸ਼ੇਸ਼ ਰੂਪ ਵਿੱਚ ਹਜ਼ਰਤ ਈਸਾ ਅਲੈਹਿ ਸਲਾਮ ਨੂੰ ਅਕਾਸ਼ ਉਪੱਰ ਜੀਉਂਦਾ ਸਮਝਿਆ ਜਾਂਦਾ ਹੈ ਅਤੇ ਬਹੁਤ ਪਸਰਿਆ ਹੋਇਆ ਦ੍ਰਿਸ਼ਟੀਕੋਣ ਹੈ ਉਹਨਾਂ ਦਾ । ਵਾਸਤਵ ਵਿਚੱ ਉਹਨਾਂ ਦਾ ਰੱਦ ਕਰਦਿਆਂ ਹੋਇਆਂ ਆਪ ਫ਼ਰਮਾਉਂਦੇ ਹਨ ਮੇਰੇ ਅਨੁਸਾਰ ਮੋਮਿਨ ਉਹੋ ਹੁੰਦਾ ਹੈ ਜੋ ਆਪ ਦੀ ਪੂਰੀ ਪੈਰ੍ਹਵੀ ਕਰਦਾ ਹੈ ਅਤੇ ਉਹੋ ਹੀ ਕਿਸੇ ਅਸਥਾਨ'ਤੇ ਪਹੁੰਚਦਾ ਹੈ । ਜਿਵੇਂ ਕਿ ਆਪ ਰੱਬ ਨੇ ਫ਼ਰਮਾਇਆ ਹੈ ਕਿ ( قُلْ اِنْ كُنْتُمْ تُحِبُّوْنَ اللّٰهَ فَاتَّبِعُوْنِيْ يُحْبِبْكُمُ اللّٰهُ ) 'ਕੁਲ ਇਨਕੁਨਤੁਮ ਤੁਹਿਬੁੱਨਲੱਾਹਾ ਫ਼ਤੱਾਬਿਊਨੀ ਯੁਹਬਿਬਕੁਮੁਲੱਾਹ' ਅਰਥਾਤ ਕਹਿ ਦਿਓ ਕਿ ਜੇਕਰ ਤੁਸੀਂ ਰੱਬ ਨੂੰ ਪ੍ਰੇਮ ਕਰਦੇ ਹੋ ਤਾਂ ਮੇਰੀ ਪੈਰ੍ਹਵੀ ਕਰੋ ਤਾਂ ਰੱਬ ਤੁਹਾਨੂੰ ਆਪਣਾ ਪ੍ਰੇਮੀ ਬਣਾ ਲਏ । ਆਪ ਫ਼ਰਮਾਉਂਦੇ ਹਨ ਕਿ ਹੁਣ ਪ੍ਰੇਮ ਦਾ ਤਕਾਦਾ ਤਾਂ ਇਹ ਹੈ ਕਿ ਪ੍ਰੇਮੀ ਦੇ ਕਰਮਾ ਨਾਲ ਇਕ ਸੰਬੰਧ ਹੋਵੇ ਅਤੇ ਮਰਨਾ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਸੁਨੱਤ ਹੈ ਅਰਥਾਤ ਆਪ ਦੀ ਮੌਤ ਹੋਈ । ਆਪ ਨੇ ਮਰਕੇ ਦਿਖਾ ਦਿਤੱਾ ਕਿ ਫਿਰ ਕੌਣ ਹੈ ਜੋ ਜੀਉਂਦਾ ਰਹੇ ਜਾਂ ਜੀਊਂਦੇ ਰਹਿਣ ਦੀ ਇਛੱਾ ਕਰੇ ਜਾਂ ਕਿਸੇ ਹੋਰ ਲਈ ਇਹ ਨਿਰਧਾਰਤ ਕਰੇ ਕਿ ਓਹ ਜੀਊਂਦਾ ਰਹੇ । ਆਪ ਫ਼ਰਮਾਉਂਦੇ ਹਨ ਕਿ ਪ੍ਰੇਮ ਦਾ ਤਕਾਦਾ ਇਹੋ ਹੈ ਕਿ ਆਪ ਦੀ ਪੈਰ੍ਹਵੀ ਵਿਚੱ ਅਜਿਹਾ ਵਿਲੀਨ ਹੋਵੇ ਕਿ ਆਪਣੀਆਂ ਮਨੋਭਾਵਨਾਵਾਂ ਨੂੰ ਰੋਕ ਲਏ ਅਤੇ ਇਹ ਸੋਚ ਲਏ ਕਿ ਮੈਂ ਕਿਸ ਦੀ ਉਮੱਤ ਹਾਂ । ਅਜਿਹੀ ਅਵਸਥਾ ਵਿੱਚ ਜੋ ਵਿਅਕਤੀ ਹਜ਼ਰਤ ਈਸਾ ਅਲੈਹਿ ਸਲਾਮ ਬਾਰੇ ਇਹ ਅਕੀਦਾ ਰਖੱਦਾ ਹੈ ਕਿ ਉਹ ਹੁਣ ਤੱਕ ਜੀਊਂਦੇ ਹਨ ਉਹ ਕਿਵੇਂ ਆਪ ਸਲਲੱਾਹੁ ਅਲੈਹਿ ਵਸਲੱਮ ਦੇ ਪ੍ਰੇਮ ਤੇ ਪੈਰ੍ਹਵੀ ਦਾ ਦਾਵਾ ਕਰ ਸਕਦਾ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : ਮੈਂ ਕੇਵਲ ਰੱਬ ਦੀ ਮਿਹਰ ਨਾਲ ਨ ਕਿ ਆਪਣੇ ਕਿਸੇ ਹੁਨਰ ਕਰਕੇ ਇਸ ਨੇਮਤ ਵਿੱਚੋਂ ਕਾਮਲ ਹਿਸੱਾ ਲਿਆ ਹੈ ਜੋ ਮੈਥੋਂ ਪਹਿਲਾਂ ਨਬੀਆਂ ਨੂੰ ਅਤੇ ਰਸੂਲਾਂ ਨੂੰ ਅਤੇ ਰੱਬ ਦੇ ਚੁਣਿਆਂ ਹੋਇਆਂ ਨੂੰ ਦਿੱਤੀ ਗਈ ਸੀ ਅਤੇ ਮੇਰੇ ਲਈ ਇਸ ਨੇਮਤ ਦਾ ਪਾਉਂਣਾ ਅਸੰਭਵ ਸੀ ਜੇਕਰ ਮੈਂ ਆਪਣੇ ਸਯੱਦੇ ਮੌਲਾ ਫ਼ਖ਼ਰੁਲਅੰਬਿਆ ਅਤੇ ਖ਼ੈਰੁਲਵਰਾ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਮਾਰਗਾਂ ਦੀ ਪੈਰ੍ਹਵੀ ਨ ਕਰਦਾ । ਸੋ, ਮੈਂ ਜੋ ਕੁ ਝਵੀ ਹਾਸਲ ਕੀਤਾ ਹੈ ਉਸ ਦੀ ਪੈਰ੍ਹਵੀ ਕਰਕੇ ਹਾਸਲ ਕੀਤਾ ਹੈ ਅਤੇ ਮੈਂ ਆਪਣੇ ਸੱਚੇ ਤੇ ਕਾਮਲ ਗਿਆਨ ਨਾਲ ਜਾਣਦਾ ਹਾਂ ਕਿ ਕੋਈ ਮਨੁੱਖ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਪੈਰ੍ਹਵੀ ਤੋਂ ਬਿਨਾ ਰੱਬ ਤੱਕ ਨਹੀਂ ਪਹੁੰਚ ਸਕਦਾ ਅਤੇ ਨ ਹੀ ਮਆਰਫ਼ਤ ਵਿੱਚੋਂ ਹਿਸੱਾ ਲੈ ਸਕਦਾ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ, ਆਪ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਕਾਮਲ ਆਸ਼ਕ, ਪ੍ਰੇਮੀ ਤੇ ਆਪ ਦੀ ਪੈਰ੍ਹਵੀ ਕਰਨ ਵਾਲੇ ਸਨ ਜਿਸ ਕਰਕੇ ਰੱਬ ਨੇ ਆਪ ਨਾਲ ਪ੍ਰੇਮ ਕੀਤਾ ਅਤੇ ਮਸੀਹ ਮੌਊਦ ਅਤੇ ਮਹਦੀ ਮਾਹੂਦ ਅਤੇ ਤਾਬਿਆ ਨਬੀ ਹੋਣ ਦਾ ਪੁਰਸਕਾਰ ਬਖ਼ਸ਼ਿਆ ।

ਜੁਮਏ ਦੇ ਅਖੀਰ ਵਿੱਚ ਹਜ਼ੂਰ ਅਨਵਰ ਨੇ ਫ਼ਰਮਾਇਆ : ਰੱਬ ਸਾਨੂੰ ਆਪ ਨੂੰ ਮੰਨ੍ਹਣ ਦੇ ਬਾਦ ਇਸ ਦਾ ਸਨਮਾਨ ਕਰਨ ਦਾ ਵੀ ਸੰਜੋਗ ਪ੍ਰਦਾਨ ਕਰੇ ਅਤੇ ਸਾਨੂੰ ਵੀ ਹਜ਼ਰਤ ਮੁਹਮੱਦ ਸਲਲੱਾਹੁ ਅਲਹੈ ਵਸਲਮ ਦੀ ਕਾਮਲ ਪੈਰ੍ਹਵੀ ਕਰਨ ਵਾਲਾ ਬਣਾਏ । ਸਾਡੇ ਵਿੱਚੋਂ ਹਰ ਇਕ ਨੂੰ ਆਪਣੀ ਆਪਣੀ ਯਥਾਸ਼ਕਤੀ ਅਤੇ ਗੁਣਾ ਅਨੁਸਾਰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਜੀਵਨ ਚਰਿੱਤਰ ਉਪੱਰ ਚਲੱਣ ਅਤੇ ਆਪ ਦੀ ਪੈਰ੍ਹਵੀ ਕਰਨ ਦੀ ਤੌਫ਼ੀਕ ਪ੍ਰਦਾਨ ਕਰੇ ਅਤੇ ਮੁਸਲਮਾਨਾਂ ਨੂੰ ਵੀ ਤੌਫ਼ੀਕ ਦੇਵੇ ਕਿ ਉਹ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਇਸ ਸੱਚੇ ਪ੍ਰੇਮੀ ਨੂੰ ਪਛਾਨਣ ਵਾਲੇ ਹੋਣ ।

**Khulasa Khutba Jumma 20.10.2017**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131